ਅੰਮ੍ਰਿਤ ਸੰਚਾਰ ਅੰਦਰ ਆਇਆ **ਮਿੱਟੀ ਦਾ ਕਿਣਕਾ ਵੀ ਹੀਰੇ ਮੋਤੀਆਂ ਦਾ ਖਜ਼ਾਨਾ** ਬਣ ਜਾਂਦਾ ਹੈ। ਪਤਾਸਿਆਂ ਦੀ ਮਿਠਾਸ ਤਾਂ ਬੜੀ ਦੂਰ ਦੀ ਗੱਲ ਹੈ। ਆਓ ਆਪਾਂ ਆਪਣੀ ਸੁਰਤ ਨੂੰ ਸੂਖਮ ਦੇਸ਼ ਵਿੱਚ ਲੈ ਕੇ ਚੱਲੀਏ ਅਤੇ ਪਤਾਸਿਆਂ ਦੀਆਂ ਹੂਕਾਂ ਵੀ ਸੁਣੀਏ:

ਪਿਆਰਿਓ ਇਹ ਪਤਾਸੇ ਹੀ ਨਹੀਂ ਇਹ ਤਾਂ ਅੱਗ ਵਿੱਚੋਂ ਲੰਘੇ ਹੋਏ, ਤਿਆਗੀ, ਅੱਗ ਵਿੱਚ ਤਪੇ, ਤਪੀਸਰ ਨੇ। ਜਾਂ ਇਹ ਕਹਿ ਲਓ ਅੰਮ੍ਰਿਤ ਸੰਚਾਰ ਵਾਲੇ ਪਤਾਸੇ ਮਿੱਠੇ ਸ਼ਹੀਦ ਹੁੰਦੇ ਨੇ। ਅੰਮ੍ਰਿਤ ਤਿਆਰ ਹੋਣ ਤੋਂ ਪਹਿਲਾਂ ਜਦੋਂ ਪਤਾਸੇ ਇੱਕ ਛੋਟੇ ਬਾਟੇ ਵਿੱਚ ਪਾ ਕੇ ਢਕਕੇ ਇੱਕ ਪਾਸੇ ਰੱਖ ਦਿੱਤੇ ਜਾਂਦੇ ਨੇ ਤਾਂ ਹਰ ਪਤਾਸਾ ਕੰਬਦਿਆਂ ਅਰਦਾਸ ਕਰਦਾ ਹੈ:

ਹੇ ਦਸਮੇਸ਼ ਪਿਤਾ ਜੀਓ, ਧੰਨ ਤੁਸੀਂ, ਧੰਨ ਤੁਸਾਂ ਦਾ ਸੱਚਖੰਡ। ਪਾਤਸ਼ਾਹ ਜੀਓ ਅਸੀਂ ਸਖਤ ਗੰਨੇ ਖੇਤਾਂ ਵਿੱਚ ਖੜ੍ਹੇ ਸੀ। ਜਦ ਸਾਡੇ ਅੰਦਰ ਰਸ ਪਿਆ ਤਾਂ ਸਾਨੂੰ ਵੱਢਕੇ ਟੋਟੇ ਟੋਟੇ ਕਰਕੇ ਵੇਲ੍ਹਣੇ ਵਿੱਚ ਪੀੜਕੇ ਅੰਦਰਲਾ ਰਸ ਕੱਢਿਆ ਗਿਆ। ਅਸੀਂ ਚੀਕਾਂ ਨਹੀਂ ਮਾਰੀਆਂ, ਸੀ ਤੱਕ ਨਹੀਂ ਕੀਤੀ। ਸ਼ੁਕਰ ਕੀਤਾ। ਕਿਉਂਕਿ ਸਾਨੂੰ ਪਤਾ ਸੀ ਕਿ ਅਸੀਂ ਤੁਸਾਂ ਦੇ ਦਰਬਾਰ ਪਹੁੰਚਣਾ ਹੈ।

ਫਿਰ ਦਾਤਾ ਜੀਓ ਸਾਡੇ ਰਸ ਨੂੰ ਅੱਗ 'ਤੇ ਉਬਾਲਿਆ ਗਿਆ, ਅਸੀਂ ਉਬਲੇ, ਅਸੀਂ ਤਪੇ, ਪਰ ਦਸਮੇਸ਼ ਪਿਤਾ ਜੀਓ ਤੁਸਾਂ ਦੀ ਰਹਿਮਤ ਨਾਲ ਅਸੀਂ ਸੜੇ ਨਹੀਂ। ਸਗੋਂ ਅਸੀਂ ਤਾਂ ਅੱਗ ਵਿੱਚ ਸੋਨਾ ਬਣੇ। ਖੰਡ ਬਣੇ। ਕਲਗੀਧਰ ਪਿਤਾ ਜੀ ਅਸੀਂ ਖੰਡ ਤੱਕ ਥੋੜ੍ਹਾ ਸੀਮਤ ਰਹਿਣਾ ਸੀ। ਜਦੋਂ ਸਾਨੂੰ ਖੰਡ ਬਣਾ ਕੇ ਸਾਡਾ ਟੋਟਾ ਟੋਟਾ ਕਰ ਦਿੱਤਾ ਗਿਆ। ਦੁਬਾਰਾ ਫਿਰ ਸਾਨੂੰ ਉਬਲਦੇ ਪਾਣੀ ਵਿੱਚ ਘੋਲਿਆ ਗਿਆ। ਮੁੜ ਅੱਗ 'ਤੇ ਤਪਾਇਆ। ਅਸੀਂ ਫਿਰ ਵੀ ਤਪੇ ਨਹੀਂ, ਡੋਲੇ ਨਹੀਂ, ਤੁਸਾਂ ਦੀ ਨਦਰਿ ਦੀ ਉਡੀਕ ਵਿੱਚ ਠੰਡੇ ਰਹੇ। ਇਸ ਅੱਗ ਵਿੱਚ ਤਪਕੇ ਤਾਂ ਅਸੀਂ ਹੋਰ ਵੀ ਚਿੱਟੇ ਹੋ ਗਏ। ਹਲਕੇ ਫੁਲਕੇ ਹੋ ਗਏ। ਇਹ ਤਾਂ ਤੁਸੀਂ ਹੀ ਆਪਣੀ ਦਇਆ ਮਿਹਰ ਨਾਲ ਬਚਾ ਲਿਆ, ਨਹੀਂ ਤਾਂ ਪਤਾ ਹੀ ਨਹੀਂ ਅਸੀਂ ਅਜੇ ਹੋਰ ਕਿੰਨੇ ਕੁ ਜਨਮ ਚੌਰਾਸੀ ਲੱਖ ਜੂਨਾਂ ਵਿੱਚ ਸੜਦੇ ਰਹਿਣਾ ਸੀ।

ਫਿਰ ਹਜ਼ੂਰੀ ਵਿੱਚ ਕੰਬਦੇ ਪਏ ਪਤਾਸੇ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੇ ਨੇ: ਦਾਤਾ ਜੀਓ, ਬਾਜਾਂ ਵਾਲੇ ਪਾਤਸ਼ਾਹ ਜੀਓ, ਹੁਣ ਅਸੀਂ ਚੌਰਾਸੀ ਲੱਖ ਜੂਨਾਂ ਦਾ ਸਫਰ ਕਰਕੇ, ਅੱਗ ਵਿੱਚ ਸੜਕੇ, ਆਪ ਜੀ ਦੀ ਹਜ਼ੂਰੀ ਵਿੱਚ ਥੱਕੇ ਹਾਰੇ ਆਏ ਹਾਂ, ਸਾਨੂੰ ਵੀ ਮੁਕਤੀ ਬਖਸ਼ੋ। ਹੁਣ ਅਸੀਂ ਆਪ ਜੀ ਦੇ ਚਰਨਾਂ ਵਿੱਚ ਸਮਾਉਣਾ ਚਾਹੁੰਦੇ ਹਾਂ।

ਅੱਜ ਤੁਸੀਂ ਖਾਲਸਾ ਸਜਾ ਰਹੇ ਹੋ। ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲੱਗੇ ਹੋ। ਦਾਤਾ ਜੀਓ ਸਾਨੂੰ ਵੀ ਬਾਟੇ ਵਿੱਚ ਥਾਂ ਬਖਸ਼ੋ। ਸਾਨੂੰ ਵੀ ਸਰਬ-ਲੋਹ-ਖੰਡੇ ਦੀ ਛੁਹ ਬਖਸ਼ੋ। ਸਾਡੀ ਮਿਠਾਸ ਹੁਣ ਸਾਡੀ ਨਾ ਰਹਿਕੇ, ਤੁਸਾਂ ਦੇ ਸ਼ਬਦ ਦੀ ਬਣ ਜਾਏ। ਸਾਨੂੰ ਅੰਮ੍ਰਿਤ ਵਿੱਚ ਘੋਲਕੇ, ਦਸਮੇਸ਼ ਪਿਤਾ ਜੀਓ ਸਾਡਾ ਨਾਮੋ ਨਿਸ਼ਾਨ ਮਿਟਾਕੇ ਸਾਨੂੰ ਆਪਣੇ ਨਾਲ ਇਕਮਿਕ ਕਰ ਲਵੋ। ਸਾਨੂੰ ਅੰਮ੍ਰਿਤ ਬਣਾ ਲਵੋ, ਫਿਰ ਜਿਹੜਾ ਵੀ ਅਭਿਲਾਖੀ ਅੰਮ੍ਰਿਤ ਛਕੇ, ਓਹਦੇ ਜੀਵਨ ਪਤਾਸਿਆਂ ਦੀ ਨਹੀਂ ਬਲਕਿ ਤੁਸਾਂ ਦੇ ਅੰਮ੍ਰਿਤ ਦੀ ਮਿਠਾਸ ਆ ਜਾਵੇ।

ਹੇ ਅਕਾਲ ਪੁਰਖ ਵਾਹਿਗੁਰੂ ਜੀਓ ਛਕਣ ਵਾਲਿਆਂ ਦੀ ਬੋਲਣੀ, ਵੇਖਣੀ, ਸੁਣਨੀ ਅਤੇ ਸੋਚਣੀ ਵੀ ਮਿੱਠੀ ਹੋ ਜਾਵੇ। ਦਾਤਾ ਜੀਓ ਸਾਨੂੰ ਵੀ ਗੁਰਸ਼ਬਦ ਦੀ ਮਿਠਾਸ ਬਖਸ਼ੋ। ਛਕਣ ਵਾਲੇ ਨਾਮ-ਰਸੀਏ ਬਣ ਜਾਣ। ਦਾਤਾ ਜੀਓ ਹੁਣ ਬਹੁਤੀ ਦੇਰ ਨਾ ਕਰਨੀ; ਜਲਦੀ ਜਲਦੀ ਤੁਸੀਂ ਪੰਜਾਂ ਪਿਆਰਿਆਂ ਵਿੱਚ ਪ੍ਰਵੇਸ਼ ਹੋ ਕੇ; ਸਰਬ ਲੋਹ ਦਾ ਖੰਡਾ ਫੇਰਕੇ; ਸਾਨੂੰ ਜਲ ਵਿੱਚ ਘੋਲਕੇ, ਅਧੂਰਿਆਂ ਨੂੰ ਪ੍ਰਵਾਨ ਕਰ ਲਵੋ। ਪ੍ਰਵਾਨ ਕਰਕੇ ਸਾਨੂੰ ਪੂਰੇ ਕਰ ਲਵੋ, ਸਾਨੂੰ ਪੂਰਨ ਕਰ ਲਵੋ। ਬਾਜਾਂ ਵਾਲੇ ਪਾਤਸ਼ਾਹ ਜੀਓ ਸਾਨੂੰ ਪੂਰਨ ਕਰ ਲਵੋ।

ਸਤਿਗੁਰਾਂ ਦੇ ਚਰਨਾਂ ਵਿੱਚ ਤਰਲੇ ਪਾਉਣ ਤੋਂ ਬਾਅਦ ਪਤਾਸੇ ਫਿਰ ਸੇਵਦਾਰਾਂ ਨੂੰ ਬੜਾ ਹੀ ਮਿੱਠਾ ਜਿਹਾ ਉਪਦੇਸ਼ ਬਖਸ਼ਦੇ ਹੋਏ ਬਚਨ ਕਰਦੇ ਨੇ: ਪਿਆਰਿਓ ਅੰਮ੍ਰਿਤ ਸੰਚਾਰ ਵਿੱਚ ਹਾਜ਼ਰੀਆਂ ਐਵੇਂ ਨਹੀਂ ਮਿਲ ਜਾਂਦੀਆਂ, ਅੱਗ ਵਿੱਚ ਸੜਣਾ ਪੈਂਦਾ ਹੈ, ਤਪਣਾ ਪੈਂਦਾ ਹੈ। ਉਬਾਲੇ ਖਾਣੇ ਪੈਂਦੇ ਨੇ। ਰਸ ਬਣਕੇ ਅੱਗ 'ਤੇ ਉਬਲਣਾ ਪੈਂਦਾ ਹੈ, ਪਿਛਲੇ ਜਨਮ ਵਿੱਚ ਕਮਾਈਆਂ ਕਰਨੀਆਂ ਪੈਂਦੀਆਂ ਨੇ, ਤਾਂ ਜਾ ਕੇ ਕਿਤੇ ਘਾਲ਼ ਥਾਇ ਪੈਂਦੀ ਹੈ। ਸੇਵਾ ਪ੍ਰਵਾਨ ਹੁੰਦੀ ਹੈ।

ਫਿਰ ਖੰਡ ਬਣਕੇ ਦੁਬਾਰਾ ਅੱਗ 'ਤੇ ਉਬਲਣਾ ਪੈਂਦਾ ਹੈ, ਭਾਵ ਇਸ ਮਨੁੱਖਾ ਜਨਮ ਵਿੱਚ ਵੀ ਸਖਤ ਕਮਾਈਆਂ ਕਰਨੀਆਂ ਪੈਂਦੀਆਂ ਨੇ। ਦਿਨ ਪੁਰ ਰਾਤ ਜਾਗੇ ਕੱਟਣੇ ਪੈਂਦੇ ਨੇ। ਭੁੱਖਾਂ ਸਹਿਣੀਆਂ ਪੈਂਦੀਆਂ ਨੇ। ਤਾਂਹੀਓਂ ਤਾਂ ਪਤਾਸੇ ਕਹਿੰਦਾ: ਪਹਿਲਾਂ ਮੈਂ ਅੱਗ ਵਿੱਚ ਤਪਿਆ, ਉਬਲਿਆ, ਫਿਰ ਮੇਰੇ ਅੰਦਰ ਮਿਠਾਸ ਆਈ ਹੈ। ਡਰੋ ਨਾ। ਡੋਲੋ ਨਾ। ਡਟੇ ਰਹੋ। ਸਿਦਕ ਰੱਖੋ। ਭਰੋਸਾ ਰੱਖੋ। ਤੁਸੀਂ ਫਿੱਕੇ ਨਹੀਂ ਰਹੋਂਗੇ, ਇੱਕ ਦਿਨ ਤੁਸੀਂ ਵੀ ਅੰਮ੍ਰਿਤ ਜ਼ਰੂਰ ਬਣੋਂਗੇ। ਤਪਣਾ ਵੀ ਤਪੱਸਿਆ ਕਰਨਾ ਹੈ। ਇਹ ਪਤਾਸਿਆਂ ਦੀ ਤਪੱਸਿਆ ਵਾਲੀ ਭਾਵਨਾ ਹੈ।

ਪਤਾਸਾ ਕਹਿੰਦਾ: ਪਿਆਰਿਓ ਮੈਂ ਰਸ ਰੂਪੀ ਜਲ ਵਿੱਚੋਂ ਪੈਦਾ ਹੋਇਆ, ਅੰਮ੍ਰਿਤ ਰੂਪੀ ਜਲ ਵਿੱਚ ਹੀ ਸਮਾ ਗਿਆਂ। ਜਿਵੇਂ ਮੇਰੇ ਅੰਦਰ ਘੁਲ਼-ਮਿਲ਼ ਜਾਣ ਦਾ ਸੁਭਾਓ ਹੈ, ਤਿਵੇਂ ਤੁਸੀਂ ਵੀ ਸਦਾ ਗੁਰੂ ਕੇ ਭਾਣੇ, ਗੁਰੂ ਕੇ

ਹੁਕਮ, ਗੁਰੂ ਕੀ ਰਜ਼ਾ ਵਿੱਚ ਸਦਾ ਘੁਲ਼-ਮਿਲ ਜਾਣਾ ਹੈ। ਜਿਵੇਂ ਮੈਂ ਅੱਗ 'ਤੇ ਤਪਿਆ, ਉਬਲਿਆ, ਪਰ ਆਪਣੇ ਅੰਦਰੋਂ ਮਿਠਾਸ ਖਤਮ ਨਹੀਂ ਕੀਤੀ, ਇਸ ਤਰ੍ਹਾਂ ਜਿਸ ਤਰ੍ਹਾਂ ਮਰਜ਼ੀ ਸਮਾਂ ਆਵੇ, ਤੁਸੀਂ ਵੀ ਆਪਣੇ ਅੰਦਰੋਂ ਕਦੇ ਮਿਠਾਸ ਖਤਮ ਨਹੀਂ ਕਰਨੀ।

**ਪਤਾਸਿਆਂ ਦੀ ਸਦਾ ਅਰਦਾਸ ਰਹਿੰਦੀ ਹੈ:** ਦਾਤਾ ਜੀਓ ਅਸੀਂ ਪੰਜਾਂ ਪਿਆਰਿਆਂ ਦੇ ਹੱਥਾਂ ਵਿੱਚ ਜਾਣਾ ਚਾਹੁੰਦੇ ਹਾਂ, ਓਥੇ ਜਾ ਕੇ ਹੀ ਅਸੀਂ ਅੰਮ੍ਰਿਤ ਬਣ ਸਕਦੇ ਹਾਂ, ਸਾਡਾ ਆਇਆ ਸਫਲਾ ਤਦ ਹੀ ਹੋ ਸਕੇਗਾ, ਜਦੋਂ ਅਸੀਂ ਖਾਲਸੇ ਦੇ ਮੁੱਖ ਲੱਗਾਂਗੇ। ਸਾਡਾ ਆਇਆ ਸਫਲਾ ਓਦੋਂ ਹੀ ਹੋਏਗਾ, ਜਦੋਂ ਅਸੀਂ ਅੰਮ੍ਰਿਤ ਬਣ ਜਾਵਾਂਗੇ। ਦਾਤਾ ਜੀਓ ਸਾਨੂੰ ਸਾਰੇ ਪਤਾਸਿਆਂ ਨੂੰ ਬਾਟੇ ਵਿੱਚ ਥਾਂ ਬਖਸ਼ ਦੇਣੀ।

**ਨਿੱਜੀ ਅਨੁਭਵ:** ਜਦੋਂ ਪੰਜ ਪਿਆਰੇ ਬੁੱਕ ਭਰ-ਭਰ ਕੇ ਪਤਾਸਿਆਂ ਨੂੰ ਬਾਟੇ ਵਿੱਚ ਪਾਉਂਦੇ ਨੇ ਤਾਂ ਅੰਮ੍ਰਿਤ ਵਾਲਾ ਬਾਟਾ ਵੀ ਖਿੜ੍ਹ ਉਠਦਾ ਹੈ, ਕਿਉਂਕਿ ਉਹਨੂੰ ਖੁਸ਼ੀ ਹੁੰਦੀ ਹੈ ਕਿ ਮਹਾਨ ਤਪੱਸਵੀਆਂ ਦੀ ਤਪੱਸਿਆ ਅੱਜ ਮੇਰੇ ਅੰਦਰ ਆ ਕੇ ਸਫਲਾ ਹੋਈ। ਬਾਟਾ ਨਿਹਾਲ ਹੋ ਜਾਂਦਾ ਹੈ ਕਿ ਅੱਜ ਇਹਨਾਂ ਤਪੱਸਵੀਆਂ ਨੂੰ ਖੰਡੇ ਦੀ ਛੁਹ ਮਿਲੇਗੀ। ਅੱਜ ਜਿਵੇਂ ਜਿਵੇਂ ਪੰਜ ਪਿਆਰੇ ਬਾਣੀ ਪੜ੍ਹਣਗੇ, ਇਹ ਘੁਲ਼ਕੇ ਅੰਮ੍ਰਿਤ ਬਣ ਜਾਣਗੇ।

ਅਖੀਰ ਆਪਾਂ ਵੀ ਅਰਦਾਸ ਕਰੀਏ: ਹੇ ਦਾਤਾ ਜੀਓ ਸਾਨੂੰ ਵੀ ਪਤਾਸਿਆਂ ਵਰਗੀ ਮਿਠਾਸ, ਨਿਮਰਤਾ ਅਤੇ ਆਪਸ ਵਿੱਚ ਘੁਲ਼ਣ ਦੀ ਦਾਤ ਬਖਸ਼ੋ। ਸਾਨੂੰ ਵੀ ਦੁੱਖਾਂ-ਸੁੱਖਾਂ, ਗਮੀਆਂ, ਉਦਾਸੀਆਂ ਦੀ ਅੱਗ ਵਿੱਚ ਤਪਣਾ ਸਿਖਾ ਦਿਓ। ਸਾਨੂੰ ਵੀ ਪਤਾਸਿਆਂ ਵਰਗਾ ਮਿੱਠਾ ਮਿੱਠਾ ਜੀਵਨ ਬਖਸ਼ਣ ਦੀ ਕਿਰਪਾਲਤਾ ਕਰੋ। ਆਓ ਸ਼ੁਕਰਾਨਾ ਕਰੀਏ ਜੀ:

ਧੰਨ ਸ੍ਰੀ ਅਕਾਲ ਪੁਰਖ ਵਾਹਿਗੁਰੂ। ਧੰਨ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਧੰਨ ਪੰਜ ਪਿਆਰੇ। ਧੰਨ ਅੰਮ੍ਰਿਤ ਵਾਲਾ ਬਾਟਾ। ਧੰਨ ਜਲ। ਧੰਨ ਪਤਾਸੇ।ਧੰਨ ਪਤਾਸਿਆਂ ਦਾ ਜਿਗਰਾ। ਵਾਰ ਵਾਰ ਸੜਕੇ ਵੀ ਆਪਣੀ ਮਿਠਾਸ ਨਹੀਂ ਗਵਾਈ। ਧੰਨ ਪਤਾਸੇ। ਧੰਨ ਪਤਾਸੇ। ਧੰਨ ਉਹ ਪਤਾਸੇ, ਜਿਹੜੇ ਪੰਜਾਂ ਪਿਆਰਿਆਂ ਮੁੱਖੋਂ ਬਾਣੀ ਸੁਣਕੇ, ਖੰਡੇ ਦੀ ਛੁਹ ਨਾਲ, ਬਾਟੇ ਵਿਚਲੇ ਜਲ ਨਾਲ ਘੁਲ਼ਕੇ ਅੰਮ੍ਰਿਤ ਬਣ ਗਏ। ਅੰਮ੍ਰਿਤ ਬਣ ਗਏ ਪਤਾਸੇ। ਜੀ ਹਾਂ, ਪਤਾਸੇ ਵੀ ਅੰਮ੍ਰਿਤ ਬਣ ਗਏ। ਗੁਰਮੁਖੋ ਫਿਕਰ ਨਾ ਕਰੋ। ਮਿਠਾਸ ਨਾ ਛੱਡੋ। ਕਾਹਲੇ ਨਾ ਪਵੋ। ਸਬਰ ਰੱਖੋ। ਅਰਦਾਸਾਂ ਲਗਾਤਾਰ ਜਾਰੀ ਰੱਖੋ। ਇੱਕ ਦਿਨ ਤੁਸੀਂ ਵੀ ਅੰਮ੍ਰਿਤ ਬਣ ਜਾਓਂਗੇ। ਜੀ ਹਾਂ ਜ਼ਰੂਰ ਬਣੋਂਗੇ। ਤੁਸੀਂ ਵੀ ਅੰਮ੍ਰਿਤ ਬਣੋਂਗੇ। ਜ਼ਰੂਰ ਬਣੋਗੇ।